ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ

# Annual Sports Calendar of Punjabi University Inter College Tournaments, 2024-25

{ਖੇਡ ਕੈਲੰਡਰ ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ / Please ensure that the instructions given in the sports calendar are followed}

| S.NO. | GAME/SPORT | VENUE OF COMPETITION | DATE OF COMPETITION | REMARKS |
|---|---|---|---|---|
| 1) | VOLLEYBALL (W) | University Campus | 07-08 OCT 2024 | |
| 2) | Aquatics/Swimming (MW) | **Govt. Swimming Pool, Patiala** (Opp. Municipal Corporation, Patiala) | 09-10 OCT 2024 | |
| 3) | FOOTBALL (W) | University Campus | 14-16 OCT 2024 | |
| 4) | **TABLE TENNIS (MW)** | **LBSAM College, Barnala** | **15-17 OCT 2024** | |
| 5) | **BADMINTON (M)** | **LBSAM College, Barnala** | **15-17 OCT 2024** | |
| 6) | BASKETBALL (M) | Colonel Coll. Of Phy. Edu., Chural Kalan | **16-18 OCT 2024** | |
| 7) | TENNIS (MW) | Multani Mal Modi Coll., Patiala | 18-19 OCT 2024 | |
| 8) | KHO-KHO (M) | Colonel Coll. Of Phy. Edu., Chural Kalan | 20-22 OCT 2024 | |
| 9) | KABADDI (M) NS | SGTB Khalsa Coll., Anandpur Sahib | **23-24 OCT 2024** | |
| 10) | Soft Tennis (MW) | Multani Mal Modi Coll., Patiala | 25-26 OCT 2024 | |
| 11) | VOLLEYBALL (M) | University Campus | 28-30 OCT 2024 | |
| 12) | Judo (MW) | SD Kanya Mahavidyalaya, Mansa | 28-30 OCT 2024 | |
| 13) | Squash Rackets (MW) | Multani Mal Modi Coll., Patiala | 29-30 OCT 2024 | |
| 14) | HOCKEY (MW) | DAV College, Bathinda | 28-31 OCT 2024 | |
| 15) | Yoga (MW) | Govt. Mohindra College, Patiala | 05-06 NOV 2024 | |
| 16) | Athletics (MW) | University Campus | **12-14 NOV 2024** | |
| 17) | Archery (MW) | University Campus | | |
| 18) | **BADMINTON (W)** | | | |
| 19) | Baseball (M) | | | |
| 20) | BASKETBALL (W) | | | |
| 21) | Boxing (MW) | | | |
| 22) | Canoeing & Kayaking (MW) | | | |
| 23) | CHESS (MW) | | | |
| 24) | CRICKET (M) ZONE | • DAV College, Bathinda<br>• Govt. College, Ropar<br>• Mata Gujri College, Fatehgarh Sahib<br>• Multani Mal Modi College, Patiala | | |
| 25) | CRICKET (M) INTER-ZONE | Multani Mal Modi College, Patiala | | |
| 26) | CRICKET (W) | | | |
| 27) | Cycling Road (MW) | | | |
| 28) | Cycling Track (MW) | University Campus | | |
| 29) | Fencing (MW) | | | |
| 30) | FOOTBALL (M) | Govt. College, Ropar | | |
| 31) | Gatka (MW) | | | |
| 32) | Gymnastics (MW) | Polo Ground, Patiala | | |
| 33) | HANDBALL (MW) | | | |
| 34) | KABADDI (W) NS | | | |
| 35) | Karate (MW) | | | |
| 36) | KHO-KHO (W) | | | |
| 37) | Netball (W) | SD College, Barnala | | |
| 38) | Pencak Silat (MW) | BZSFS Khalsa Girls College, Morinda | | |
| 39) | Rowing (MW) | | | |
| 40) | Rugby (MW) 7-side | | | |
| 41) | Sepaktakraw (MW) | | | |
| 42) | Shooting (MW) | | | |
| 43) | Softball (W) | | | |
| 44) | Taekwondo (MW) | | | |
| 45) | Weight Lifting (MW) | SGTB Khalsa College, Ananadpur Sahib | | |
| 46) | Wrestling (MW) | Patel Memorial National College, Rajpura | | |
| 47) | Wushu (MW) | | | |
| 48) | Kabaddi Circle Style (MW) | Govt. Mohindra College, Patiala | | |
| 49) | Power Lifting (MW) | Mata Gujri College, Fatehgarh Sahib | | |

8 October 2024

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)**

**ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ**

ਨੋਟ:- ਉਪਰੋਕਤ ਅਨੁਸਾਰ ਅਲਾਟ ਕੀਤੀਆਂ ਗੇਮਾਂ ਲਈ ਸਬੰਧਤ ਕਾਲਜ ਵੱਲੋਂ ਮਿਤੀਆਂ ਦੀ ਤਜਵੀਜ ਵੀ ਭੇਜੀ ਜਾ ਸਕਦੀ ਹੈ। ਜਿਹੜੇ ਵੈਨਿਯੂ ਅਜੇ ਖਾਲੀ ਪਏ ਹਨ, ਜੇਕਰ ਉਹਨਾਂ ਵਿਚੋਂ ਕੋਈ ਗੇਮ ਸਬੰਧਤ ਕਾਲਜ ਆਪਣੇ ਕਾਲਜ ਕੈਂਪਸ ਵਿਖੇ ਆਯੋਜਿਤ ਕਰਵਾਉਣ ਦੇ ਚਾਹਵਾਨ ਹੋਣ ਤਾਂ ਆਪਣੀ ਸਹਿਮਤੀ ਵਿਭਾਗ ਦੀ ਈ.ਮੇਲ 'ਤੇ ਮੁਕਾਬਲਿਆਂ ਦੀਆਂ ਮਿਤੀਆਂ ਸਹਿਤ ਭੇਜਣ ਦੀ ਖੇਚਲ ਕਰਨ ਜੀ।

**ਅੰਤਰ ਕਾਲਜ ਮੁਕਾਬਲੇ ਸਬੰਧਤ ਕਾਲਜ ਕੈਂਪਸ ਵਿਖੇ ਆਯੋਜਿਤ ਕਰਵਾਏ ਜਾਣ/ਅੰਤਰ ਕਾਲਜ ਮੁਕਾਬਲਿਆਂ ਵਿਚ ਭਾਗ ਲੈਣ ਸਬੰਧੀ ਜ਼ਰੂਰੀ ਸੂਚਨਾ/ਹਦਾਇਤਾਂ:**

1) ਸਬੰਧਿਤ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖੇਡ ਕੈਲੰਡਰ ਅਨੁਸਾਰ ਜਿਹੜੇ ਵੀ ਖੇਡ ਮੁਕਾਬਲੇ ਆਪ ਜੀ ਦੇ ਕਾਲਜ ਕੈਂਪਸ ਨੂੰ ਅਲਾਟ ਹੋਏ ਹਨ, ਨੂੰ ਕਾਲਜ ਕੈਂਪਸ ਵਿਖੇ ਸੁਚਾਰੂ ਢੰਗ ਨਾਲ ਆਯੋਜਿਤ ਕਰਵਾਉਣ, ਮੁੱਢਲੀ ਮੈਡੀਕਲ ਸਹਾਇਤਾ, ਰਿਹਾਇਸ਼ ਅਤੇ ਖਾਣੇ ਆਦਿ ਦੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਕਰਨ ਦੀ ਕ੍ਰਿਪਾਲਤਾ ਕਰਨੀ।
2) ਖੇਡ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਆਯੋਜਿਤ ਕਰਵਾਉਣ ਲਈ ਆਫੀਸੀਅਲਜ਼ ਸਬੰਧਿਤ ਕਾਲਜਾਂ ਵੱਲੋਂ ਹੀ ਲਗਾਏ ਜਾਣਗੇ ਅਤੇ ਇਸਦੇ ਲਈ ਲੋਕਲ ਆਫੀਸੀਅਲਜ਼ ਨੂੰ ਪਹਿਲਤਾ ਦਿੱਤੀ ਜਾਵੇਗੀ। ਇਸ ਸਬੰਧੀ ਜੇਕਰ ਕਾਲਜ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਡਾਇਰੈਕਟਰ ਸਪੋਰਟਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
3) ਅੰਤਰ ਕਾਲਜ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਕਾਲਜਾਂ ਵੱਲੋਂ ਆਪਣੀਆਂ ਐਂਟਰੀਆਂ/ਡਿਟੇਲ ਐਂਟਰੀਆਂ ਮੁਕਾਬਲਿਆਂ ਤੋਂ 07 ਦਿਨ ਪਹਿਲਾਂ ਸਬੰਧਤ ਕਾਲਜ/ਕੰਪੀਟੀਸ਼ਨ ਵੈਨਿਯੂ ਵਾਲੇ ਕਾਲਜਾਂ ਨੂੰ ਭੇਜੀਆਂ ਜਾਣਗੀਆਂ (ਤਾਂ ਜੋ ਐਂਟਰੀਆਂ ਮੁਤਾਬਿਕ ਸਬੰਧਿਤ ਕਾਲਜ ਵੱਲੋਂ ਰਿਹਾਇਸ਼ ਆਦਿ ਦੇ ਪ੍ਰਬੰਧ ਵੀ ਸਮੇਂ ਸਿਰ ਕੀਤੇ ਜਾ ਸਕਣ) ਅਤੇ ਉਤਾਰਾ ਖੇਡ ਵਿਭਾਗ ਦੀ ਈ.ਮੇਲ ਤੇ ਭੇਜਿਆ ਜਾਵੇਗਾ। ਸਬੰਧਿਤ ਕਾਲਜਾਂ ਦੇ ਵੈਨਿਯੂ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਆਦਿ ਵਿਖੇ ਹੋਣ ਵਾਲੇ ਖੇਡ ਮੁਕਾਬਲਿਆਂ ਅਤੇ ਐਥਲੈਟਿਕਸ ਮੁਕਾਬਲਿਆਂ ਲਈ ਐਂਟਰੀਆਂ/ਡਿਟੇਲ ਐਂਟਰੀਆਂ ਕੇਵਲ ਖੇਡ ਵਿਭਾਗ ਨੂੰ ਭੇਜੀਆਂ ਜਾਣਗੀਆਂ।
4) ਅੰਤਰ ਕਾਲਜ ਮੁਕਾਬਲਿਆਂ ਸਬੰਧੀ ਫਿਕਸਚਰਜ਼ ਮੁਕਾਬਲਿਆਂ ਦੇ ਸਥਾਨ 'ਤੇ ਹੀ ਮੁਕਾਬਲਿਆਂ ਦੇ ਪਹਿਲੇ ਦਿਨ ਸਵੇਰੇ 08.00 ਵਜੇ ਪਾਏ ਜਾਣਗੇ।
5) ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦਾ ਖੇਡ ਕੈਲੰਡਰ ਵਿੱਚ ਦਰਸ਼ਾਈ ਮਿਤੀ ਅਨੁਸਾਰ ਨਿਸ਼ਚਿਤ ਸਥਾਨ ਤੇ ਸਵੇਰੇ 08.00 ਵਜੇ ਤੱਕ ਪਹੁੰਚਣਾ ਲਾਜ਼ਮੀ ਹੈ।
6) ਜਿਹੜੀਆਂ ਟੀਮਾਂ ਨੇ ਕੰਪੀਟੀਸ਼ਨ ਵੈਨਿਯੂ ਵਿਖੇ ਰਿਹਾਇਸ਼ ਲੈਣੀ ਹੈ, ਉਹ ਮੁਕਾਬਲਿਆਂ ਤੋਂ ਇਕ ਦਿਨ ਪਹਿਲਾਂ ਸ਼ਾਮ ਦੇ 04.00 ਵਜੇ ਤੋਂ ਪਹਿਲਾਂ-ਪਹਿਲਾਂ ਪਹੁੰਚਣਾ ਯਕੀਨੀ ਬਨਾਉਣ।
7) ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਸਪੋਰਟਸ ਕਿੱਟ ਵਿੱਚ ਹੋਣਾ ਲਾਜ਼ਮੀ ਹੈ। ਟੀਮ ਨਾਲ ਖੇਡ ਦੇ ਇੰਚਾਰਜ਼ (ਮਹਿਲਾ ਟੀਮ ਨਾਲ ਮਹਿਲਾ ਇੰਚਾਰਜ਼ ਅਤੇ ਪੁਰਸ਼ ਟੀਮ ਨਾਲ ਪੁਰਸ਼/ਮਹਿਲਾ ਇੰਚਾਰਜ਼ ਇੰਚਾਰਜ਼), ਕਾਲਜ ਵੱਲੋਂ ਜਾਰੀ ਸ਼ਨਾਖ਼ਤੀ ਕਾਰਡ ਅਤੇ ਯੋਗਤਾ ਪ੍ਰੋਫ਼ਾਰਮਾ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਹੋਣਾ ਲਾਜ਼ਮੀ ਹੈ।
8) ਯੋਗਤਾ ਪ੍ਰੋਫ਼ਾਰਮੇ ਵਿੱਚ ਖਿਡਾਰੀ ਦਾ ਨਾਂ, ਪਿਤਾ ਦਾ ਨਾਂ ਅਤੇ ਮਾਤਾ ਦਾ ਨਾਂ ENGLISH (CAPITAL LETTERS) ਅਤੇ ਪੰਜਾਬੀ ਵਿੱਚ ਕੰਪਿਊਟਰ ਦੁਆਰਾ ਟਾਈਪ ਕੀਤਾ ਹੋਣਾ ਲਾਜ਼ਮੀ ਹੈ। ਪ੍ਰੋਫ਼ਾਰਮੇ ਵਿੱਚ ਖਿਡਾਰੀ ਦਾ ਰਜਿਸਟ੍ਰੇਸ਼ਨ ਨੰਬਰ ਲਿਖਣਾ ਲਾਜ਼ਮੀ ਹੈ। ਹੱਥ ਲਿਖਤ ਯੋਗਤਾ ਪ੍ਰੋਫ਼ਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ।
9) ਸਬੰਧਿਤ ਕਾਲਜਾਂ ਵੱਲੋਂ ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫ਼ਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੋਵੇਗਾ। ਫਾਰਮ ਤੇ ਖਿਡਾਰੀ ਅਤੇ ਸਬੰਧਿਤ ਪ੍ਰੋਫ਼ੈਸਰ/ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਹਰੇਕ ਫੋਟੋ ਵੀ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫ਼ਾਰਮੇ ਤੋਂ ਬਿਨਾਂ ਟੀਮਾਂ ਨੂੰ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
10) ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੀ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟ ਅਤੇ ਫੋਟੋਸਟੇਟ ਕਾਪੀਆਂ ਨਾਲ ਲਿਆਉਣੇ ਲਾਜ਼ਮੀ ਹਨ। ਬਿਨਾਂ ਅਸਲ ਸਰਟੀਫਿਕੇਟਾਂ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਟੀਮਾਂ/ਖਿਡਾਰੀਆਂ ਨੂੰ ਮੁਕਾਬਲਿਆਂ ਵਿੱਚ ਭਾਗ ਲੈਣ ਦੇਣਾ ਸੰਭਵ ਨਹੀਂ ਹੋਵੇਗਾ।
11) ਟੀਮਾਂ ਦੀ ਗਿਣਤੀ ਦੇ ਮੱਦੇਨਜ਼ਰ/ਕੁਦਰਤੀ ਜਾਂ ਤਕਨੀਕੀ ਕਾਰਨਾਂ ਕਰਕੇ ਅੰਤਰ ਕਾਲਜ ਮੁਕਾਬਲਿਆਂ ਦੇ ਦਿਨ ਘਟਾਉਣ/ਵਧਾਉਣ ਜਾਂ ਅੰਤਰਵਰਸਿਟੀ ਮੁਕਾਬਲਿਆਂ ਦੀਆਂ ਮਿਤੀਆਂ ਨੂੰ ਧਿਆਨ ਵਿਚ ਰਖਦੇ ਹੋਏ ਅੰਤਰ ਕਾਲਜ ਮੁਕਾਬਲਿਆਂ ਦੀਆਂ ਮਿਤੀਆਂ/ਸਥਾਨ ਵਿੱਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਡਾਇਰੈਕਟਰ ਸਪੋਰਟਸ ਪਾਸ ਰਾਖਵਾਂ ਰਹੇਗਾ।

-ਸਹੀ/-

**(ਡਾ. ਅਜੀਤਾ)**
ਡਾਇਰੈਕਟਰ ਸਪੋਰਟਸ

ਉਤਾਰਾ:

1. ਪ੍ਰਿੰਸੀਪਲ ਸਾਹਿਬਾਨ, ਸਮੂਹ ਸੰਬੰਧਿਤ ਕਾਲਜਿਜ਼ – ਸੰਬੰਧਿਤ ਗੇਮ ਦੇ ਪ੍ਰੋਫ਼ੈਸਰ ਇੰਚਾਰਜ਼ (ਟੀਮ)/ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਅਤੇ ਖਿਡਾਰੀਆਂ ਦੀ ਸੂਚਨਾ ਹਿੱਤ।
2. ਸਮੂਹ ਕੋਚਿਜ਼/ਇੰਸਟ੍ਰਕਟਰਜ਼/ਇੰਚਾਰਜ਼ (ਟੀਮ), ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ – ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।

8 October 2024